# ਬਾਵਨਅਖਰੀ

੧ੴਸਤਿਗੁਰਪ੍ਰਸਾਦਿ ॥

ਗਉੜੀਬਾਵਨਅਖਰੀਮਹਲਾ ੫॥

ਸਲੋਕੁ ॥ ਗੁਰਦੇਵਮਾਤਾਗੁਰਦੇਵਪਿਤਾਗੁਰਦੇਵਸੁਆਮੀ
ਪਰਮੇਸੁਰਾ ॥ ਗੁਰਦੇਵਸਖਾਅਗਿਆਨਭੰਜਨੁਗੁਰਦੇਵਬੰ
ਧਿਪਸਹੋਦਰਾ ॥ ਗੁਰਦੇਵਦਾਤਾਹਰਿਨਾਮੁਉਪਦੇਸੈਗੁਰਦੇ
ਵਮੰਤੁਨਿਰੋਧਰਾ ॥ ਗੁਰਦੇਵਸਾਂਤਿਸਤਿਬੁਧਿਮੂਰਤਿਗੁਰਦੇ
ਵਪਾਰਸਪਰਸਪਰਾ ॥ ਗੁਰਦੇਵਤੀਰਥੁਅੰਮ੍ਰਿਤਸਰੋਵਰੁਗੁਰ

ਗਿਆਨਮਜਨੁਅਪਰੰਪਰਾ ॥ ਗੁਰਦੇਵਕਰਤਾਸਭਿਪਾਪਹ
ਰਤਾਗੁਰਦੇਵਪਤਿਤਪਵਿਤਕਰਾ ॥ ਗੁਰਦੇਵਆਦਿਜੁਗਾ
ਦਿਜੁਗੁਜੁਗੁਗੁਰਦੇਵਮੰਤੁਹਰਿਜਪਿਉਧਰਾ ॥ ਗੁਰਦੇਵਸੰਗ
ਤਿਪ੍ਰਭਮੇਲਿਕਰਿਕਿਰਪਾਹਮਮੂੜਪਾਪੀਜਿਤੁਲਗਿਤਰਾ ॥
ਗੁਰਦੇਵਸਤਿਗੁਰੁਪਾਰਬ੍ਰਹਮੁਪਰਮੇਸਰੁਗੁਰਦੇਵਨਾਨਕਹ
ਰਿਨਮਸਕਰਾ ॥੧॥ ਸਲੋਕੁ ॥ ਆਪਹਿਕੀਆਕਰਾਇਆਆ
ਪਹਿਕਰਨੈਜੋਗੁ ॥ ਨਾਨਕਏਕੋਰਵਿਰਹਿਆਦੂਸਰਹੋਆਨ
ਹੋਗੁ ॥੧॥ ਪਉੜੀ ॥ ਓਅੰਸਾਧਸਤਿਗੁਰਨਮਸਕਾਰੰ ॥
ਆਦਿਮਧਿਅੰਤਿਨਿਰੰਕਾਰੰ ॥ ਆਪਹਿਸੁੰਨਆਪਹਿਸੁਖਆ

ਸਨ ॥ ਆਪਹਿਸੁਨਤਆਪਹੀਜਾਸਨ ॥ ਆਪਨਆਪੁਆ
ਪਹਿਉਪਾਇਓ ॥ ਆਪਹਿਬਾਪਆਪਹੀਮਾਇਓ ॥ ਆਪ
ਹਿਸੂਖਮਆਪਹਿਅਸਥੂਲਾ ॥ ਲਖੀਨਜਾਈਨਾਨਕਲੀਲ੍ਹਾ
॥੧॥ ਕਰਿਕਿਰਪਾਪ੍ਰਭਦੀਨਦਇਆਲਾ ॥ ਤੇਰੇਸੰਤਨਕੀ
ਮਨੁਹੋਇਰਵਾਲਾ ॥ ਰਹਾਉ ॥ ਸਲੋਕੁ ॥ ਨਿਰੰਕਾਰਆਕਾਰ
ਆਪਿਨਿਰਗੁਨਸਰਗੁਨਏਕ ॥ ਏਕਹਿਏਕਬਖਾਨਨੋਨਾਨ
ਕਏਕਅਨੇਕ ॥੧॥ ਪਉੜੀ ॥ ਓਅੰਗੁਰਮੁਖਿਕੀਓਅਕਾ
ਰਾ ॥ ਏਕਹਿਸੂਤਿਪਰੋਵਨਹਾਰਾ॥ ਭਿੰਨਭਿੰਨਤ੍ਰੈਗੁਣਬਿਸ
ਥਾਰੰ॥ ਨਿਰਗੁਨਤੇਸਰਗੁਨਦ੍ਰਿਸਟਾਰੰ ॥ ਸਗਲਭਾਤਿਕਰਿ

ਕਰਹਿਉਪਾਇਓ ॥ ਜਨਮਮਰਨਮਨਮੋਹੁਬਢਾਇਓ ॥ ਦੂਹੂ
ਭਾਤਿਤੇਆਪਿਨਿਰਾਰਾ ॥ ਨਾਨਕਅੰਤੁਨਪਾਰਾਵਾਰਾ ॥੨॥
ਸਲੋਕੁ ॥ ਸੇਈਸਾਹਭਗਵੰਤਸੇਸਚੁਸੰਪੈਹਰਿਰਾਸਿ ॥ ਨਾਨਕ
ਸਚੁਸੁਚਿਪਾਈਐਤਿਹਸੰਤਨਕੈਪਾਸਿ ॥੧॥ ਪਵੜੀ ॥ ਸਸਾ
ਸਤਿਸਤਿਸਤਿਸੋਊ ॥ ਸਤਿਪੁਰਖਤੇਭਿੰਨਨਕੋਊ ॥ ਸੋਊਸ
ਰਨਿਪਰੈਜਿਹਪਾਯੰ ॥ ਸਿਮਰਿਸਿਮਰਿਗੁਨਗਾਇਸੁਨਾਯੰ ॥
ਸੰਸੈਭਰਮੁਨਹੀਕਛੁਬਿਆਪਤ ॥ ਪ੍ਰਗਟਪ੍ਰਤਾਪੁਤਾਹੂਕੋਜਾਪ
ਤ ॥ ਸੋਸਾਧੂਇਹਪਹੁਚਨਹਾਰਾ ॥ ਨਾਨਕਤਾਕੈਸਦਬਲਿਹਾ
ਰਾ ॥੩॥ ਸਲੋਕੁ ॥ ਧਨੁਧਨੁਕਹਾਪੁਕਾਰਤੇਮਾਇਆਮੋਹ

Scanned by CamScanner

ਸਭਕੂਰ ॥ ਨਾਮਬਿਹੂਨੇਨਾਨਕਹੋਤਜਾਤਸਭੁਧੂਰ ॥੧॥ ਪ
ਵੜੀ ॥ ਧਧਾਧੂਰਿਪੁਨੀਤਤੇਰੇਜਨੂਆ ॥ ਧਨਿਤੇਊਜਿਹਰੁ
ਚਇਆਮਨੂਆ ॥ ਧਨੁਨਹੀਬਾਛਹਿਸੁਰਗਨਆਛਹਿ ॥
ਅਤਿਪ੍ਰਿਅਪ੍ਰੀਤਿਸਾਧਰਜਰਾਚਹਿ ॥ ਧੰਧੇਕਹਾਬਿਆਪਹਿ
ਤਾਹੂ ॥ ਜੋਏਕਛਾਡਿਅਨਕਤਹਿਨਜਾਹੂ ॥ ਜਾਕੈਹੀਐਦੀ
ਓਪ੍ਰਭਨਾਮ ॥ ਨਾਨਕਸਾਧਪੂਰਨਭਗਵਾਨ ॥੪॥ ਸਲੋਕ ॥
ਅਨਿਕਭੇਖਅਰੁਙਿਆਨਧਿਆਨਮਨਹਠਿਮਿਲਿਅਉਨਕੋ
ਇ ॥ ਕਹੁਨਾਨਕਕਿਰਪਾਭਈਭਗਤੁਙਿਆਨੀਸੋਇ ॥੧॥
ਪਉੜੀ ॥ ਙੰਙਾਙਿਆਨੁਨਹੀਮੁਖਬਾਤਉ ॥ ਅਨਿਕਜੁਗਤਿ

ਸਾਸਤ੍ਰਕਰਿਭਾਤਉ ॥ ਗਿਆਨੀਸੋਇਜਾਕੈਦ੍ਰਿੜਸੋਊ ॥ ਕਹ
ਤਸੁਨਤਕਛੁਜੋਗੁਨਹੋਊ ॥ ਗਿਆਨੀਰਹਤਆਗਿਆਦ੍ਰਿੜੁ
ਜਾਕੈ ॥ ਉਸਨਸੀਤਸਮਸਰਿਸਭਤਾਕੈ ॥ ਗਿਆਨੀਤਤੁਗੁ
ਰਮੁਖਿਬੀਚਾਰੀ ॥ ਨਾਨਕਜਾਕਉਕਿਰਪਾਧਾਰੀ ॥੫॥ ਸਲੋ
ਕੁ॥ ਆਵਨਆਏਸ੍ਰਿਸਟਿਮਹਿਬਿਨੁਬੂਝੇਪਸੁਢੋਰ ॥ ਨਾਨਕ
ਗੁਰਮੁਖਿਸੋਬੁਝੈਜਾਕੈਭਾਗਮਥੋਰ ॥੧॥ ਪਉੜੀ ॥ ਯਾਜੁਗ
ਮਹਿਏਕਹਿਕਉਆਇਆ ॥ ਜਨਮਤਮੋਹਿਓਮੋਹਨੀਮਾਇ
ਆ॥ ਗਰਭਕੁੰਟਮਹਿਉਰਧਤਪਕਰਤੇ॥ ਸਾਸਿਸਾਸਿਸਿਮਰ
ਤਪ੍ਰਭੁਰਹਤੇ ॥ ਉਰਝਿਪਰੇਜੋਛੋਡਿਛਡਾਨਾ ॥ ਦੇਵਨਹਾਰੁ

ਮਨਹਿਬਿਸਰਾਨਾ ॥ ਧਾਰਹੁਕਿਰਪਾਜਿਸਹਿਗੁਸਾਈ ॥ ਇਤ
ਉਤਨਾਨਕਤਿਸੁਬਿਸਰਹੁਨਾਹੀ ॥੬॥ ਸਲੋਕੁ ॥ ਆਵਤ
ਹੁਕਮਿਬਿਨਾਸਹੁਕਮਿਆਗਿਆਭਿੰਨਨਕੋਇ ॥ ਆਵਨਜਾ
ਨਾਤਿਹਮਿਟੈਨਾਨਕਜਿਹਮਨਿਸੋਇ ॥੧॥ ਪਉੜੀ ॥ ਏਊ
ਜੀਅਬਹੁਤੁਗ੍ਰਭਵਾਸੇ ॥ ਮੋਹਮਗਨਮੀਠਜੋਨਿਫਾਸੇ ॥ ਇਨਿ
ਮਾਇਆਤ੍ਰੈਗੁਣਬਸਿਕੀਨੇ ॥ ਆਪਨਮੋਹਘਟੇਘਟਿਦੀਨੇ ॥
ਏਸਾਜਨਕਛੂਕਹਹੁਉਪਾਇਆ ॥ ਜਾਤੇਤਰਉਬਿਖਮਇਹ
ਮਾਇਆ ॥ ਕਰਿਕਿਰਪਾਸਤਸੰਗਿਮਿਲਾਏ ॥ ਨਾਨਕਤਾਕੈ
ਨਿਕਟਿਨਮਾਏ ॥੭॥ ਸਲੋਕੁ ॥ ਕਿਰਤਕਮਾਵਨਸੁਭਅਸੁਭ

ਕੀਨੇਤਿਨਿਪ੍ਰਭਿਆਪਿ ॥ ਪਸੁਆਪਨਹਉਹਉਕਰੈਨਾਨਕ
ਬਿਨੁਹਰਿਕਹਾਕਮਾਤਿ ॥੧॥ ਪਉੜੀ ॥ ਏਕਹਿਆਪਿਕ
ਰਾਵਨਹਾਰਾ ॥ ਆਪਹਿਪਾਪਪੁੰਨਬਿਸਥਾਰਾ ॥ ਇਆਜੁਗ
ਜਿਤੁਜਿਤੁਆਪਹਿਲਾਇਓ ॥ ਸੋਸੋਪਾਇਓਜੁਆਪਿਦਿਵਾ
ਇਓ ॥ ਉਆਕਾਅੰਤੁਨਜਾਨੈਕੋਊ ॥ ਜੋਜੋਕਰੈਸੋਊਫੁਨਿਹੋ
ਊ ॥ ਏਕਹਿਤੇਸਗਲਾਬਿਸਥਾਰਾ ॥ ਨਾਨਕਆਪਿਸਵਾਰ
ਨਹਾਰਾ ॥੮॥ ਸਲੋਕੁ ॥ ਰਾਚਿਰਹੇਬਨਿਤਾਬਿਨੋਦਕੁਸਮਰੰ
ਗਬਿਖਸੋਰ ॥ ਨਾਨਕਤਿਹਸਰਨੀਪਰਉਬਿਨਸਿਜਾਇਮੈਮੋ
ਰ ॥੧॥ ਪਉੜੀ ॥ ਰੇਮਨਬਿਨੁਹਰਿਜਹਰਚਹੁਤਤਹ

ਬੰਧਨਪਾਹਿ ॥ ਜਿਹਬਿਧਿਕਤਹੂਨਛੂਟੀਐਸਾਕਤਤੇਊਕਮਾ
ਹਿ ॥ ਹਉਹਉਕਰਤੇਕਰਮਰਤਤਾਕੋਭਾਰੁਅਫਾਰ ॥ ਪ੍ਰੀਤਿ
ਨਹੀਜਉਨਾਮਸਿਉਤਉਏਊਕਰਮਬਿਕਾਰ ॥ ਬਾਧੇਜਮਕੀ
ਜੇਵਰੀਮੀਠੀਮਾਇਆਰੰਗ ॥ ਭ੍ਰਮਕੇਮੋਹੇਨਹਬੁਝਹਿਸੋਪ੍ਰਭੁ
ਸਦਹੂਸੰਗ ॥ ਲੇਖੈਗਣਤਨਛੂਟੀਐਕਾਚੀਭੀਤਿਨਸੁਧਿ ॥
ਜਿਸਹਿਬੁਝਾਏਨਾਨਕਾਤਿਹਗੁਰਮੁਖਿਨਿਰਮਲਬੁਧਿ ॥੯॥
ਸਲੋਕੁ ॥ ਟੂਟੇਬੰਧਨਜਾਸੁਕੇਹੋਆਸਾਧੂਸੰਗੁ ॥ ਜੋਰਾਤੇਰੰਗ
ਏਕਕੈਨਾਨਕਗੂੜਾਰੰਗੁ ॥੧॥ ਪਉੜੀ ॥ ਰਾਰਾਰੰਗਹੁਏ
ਆਮਨੁਅਪਨਾ ॥ ਹਰਿਹਰਿਨਾਮੁਜਪਹੁਜਪੁਰਸਨਾ ॥ ਰੇਰੇ

ਦਰਗਹਕਹੈਨਕੋਊ ॥ ਆਊਬੈਠੁਆਦਰੁਸੁਭਦੇਊ ॥ ਊਆ
ਮਹਲੀਪਾਵਹਿਤੂਬਾਸਾ ॥ ਜਨਮਮਰਨਨਹਹੋਇਬਿਨਾਸਾ ॥
ਮਸਤਕਿਕਰਮੁਲਿਖਿਓਧੁਰਿਜਾਕੈ ॥ ਹਰਿਸੰਪੈਨਾਨਕਘਰਿ
ਤਾਕੈ ॥੧੦॥ ਸਲੋਕੁ ॥ ਲਾਲਚਝੂਠਬਿਕਾਰਮੋਹਬਿਆਪਤ
ਮੂੜੇਅੰਧ ॥ ਲਾਗਿਪਰੇਦੁਰਗੰਧਸਿਉਨਾਨਕਮਾਇਆਬੰਧ
॥੧॥ ਪਉੜੀ ॥ ਲਲਾਲਪਟਿਬਿਖੈਰਸਰਾਤੇ ॥ ਅਹੰਬੁਧਿਮਾ
ਇਆਮਦਮਾਤੇ ॥ ਇਆਮਾਇਆਮਹਿਜਨਮਹਿਮਰਨਾ ॥
ਜਿਉਜਿਉਹੁਕਮੁਤਿਵੈਤਿਉਕਰਨਾ ॥ ਕੋਊਊਨਨਕੋਊਪੂ
ਰਾ ॥ ਕੋਊਸੁਘਰੁਨਕੋਊਮੂਰਾ ॥ ਜਿਤੁਜਿਤੁਲਾਵਹੁਤਿਤੁ

ਤਿਤੁਲਗਨਾ ॥ ਨਾਨਕਠਾਕੁਰਸਦਾਅਲਿਪਨਾ ॥੧੧॥ ਸ
ਲੋਕੁ ॥ ਲਾਲਗੁਪਾਲਗੋਬਿੰਦਪ੍ਰਭਗਹਿਰਗੰਭੀਰਅਥਾਹ ॥
ਦੂਸਰਨਾਹੀਅਵਰਕੋਨਾਨਕਬੇਪਰਵਾਹ ॥੧॥ ਪਉੜੀ ॥
ਲਲਾਤਾਕੈਲਵੈਨਕੋਊ ॥ ਏਕਹਿਆਪਿਅਵਰਨਹਹੋਊ ॥
ਹੋਵਨਹਾਰੁਹੋਤਸਦਆਇਆ ॥ ਉਆਕਾਅੰਤੁਨਕਾਹੂਪਾਇ
ਆ ॥ ਕੀਟਹਸਤਿਮਹਿਪੂਰਸਮਾਨੇ ॥ ਪ੍ਰਗਟਪੁਰਖਸਭਠਾ
ਊਜਾਨੇ ॥ ਜਾਕਉਦੀਨੋਹਰਿਰਸੁਅਪਨਾ ॥ ਨਾਨਕਗੁਰਮੁ
ਖਿਹਰਿਹਰਿਤਿਹਜਪਨਾ ॥੧੨॥ ਸਲੋਕੁ ॥ ਆਤਮਰਸੁਜਿ
ਹਜਾਨਿਆਹਰਿਰੰਗਸਹਜੇਮਾਣੁ ॥ ਨਾਨਕਧਨਿਧਨਿਧੰਨਿ

ਜਨਆਏਤੇਪਰਵਾਣੁ ॥੧॥ ਪਉੜੀ ॥ ਆਇਆਸਫਲਤਾ
ਹੂਕੋਗਨੀਐ ॥ ਜਾਸੁਰਸਨਹਰਿਹਰਿਜਸੁਭਨੀਐ ॥ ਆਇ
ਬਸਹਿਸਾਧੂਕੈਸੰਗੇ ॥ ਅਨਦਿਨੁਨਾਮੁਧਿਆਵਹਿਰੰਗੇ ॥ ਆ
ਵਤਸੋਜਨੁਨਾਮਹਿਰਾਤਾ ॥ ਜਾਕਉਦਇਆਮਇਆਬਿਧਾ
ਤਾ ॥ ਏਕਹਿਆਵਨਫਿਰਿਜੋਨਿਨਆਇਆ ॥ ਨਾਨਕਹਰਿ
ਕੈਦਰਸਿਸਮਾਇਆ ॥੧੩॥ ਸਲੋਕੁ ॥ ਯਾਸੁਜਪਤਮਨਿਹੋ
ਇਅਨੰਦੁਬਿਨਸੈਦੂਜਾਭਾਉ ॥ ਦੂਖਦਰਦਤ੍ਰਿਸਨਾਬੁਝੈਨਾਨ
ਕਨਾਮਿਸਮਾਉ ॥੧॥ ਪਉੜੀ ॥ ਯਯਾਜਾਰਉਦੁਰਮਤਿਦੋ
ਊ ॥ ਤਿਸਹਿਤਿਆਗਿਸੁਖਸਹਜੇਸੋਊ ॥ ਯਯਾਜਾਇਪਰਹੁ

ਸੰਤਸਰਨਾ ॥ ਜਿਹਆਸਰਇਆਭਵਜਲੁਤਰਨਾ ॥ ਯਯਾ
ਜਨਮਿਨਆਵੈਸੋਊ ॥ ਏਕਨਾਮਲੇਮਨਹਿਪਰੋਊ ॥ ਯਯਾਜ
ਨਮੁਨਹਾਰੀਐਗੁਰਪੂਰੇਕੀਟੇਕ ॥ ਨਾਨਕਤਿਹਸੁਖੁਪਾਇਆ
ਜਾਕੈਹੀਅਰੈਏਕ ॥੧੪॥ ਸਲੋਕੁ ॥ ਅੰਤਰਿਮਨਤਨਬਸਿਰ
ਹੇਈਤਊਤਕੇਮੀਤ ॥ ਗੁਰਿਪੂਰੈਉਪਦੇਸਿਆਨਾਨਕਜਪੀ
ਐਨੀਤ ॥੧॥ ਪਉੜੀ ॥ ਅਨਦਿਨੁਸਿਮਰਹੁਤਾਸੁਕਉਜੋ
ਅੰਤਿਸਹਾਈਹੋਇ ॥ ਇਹਬਿਖਿਆਦਿਨਚਾਰਿਛਿਅਛਾਡਿ
ਚਲਿਓਸਭੁਕੋਇ ॥ ਕਾਕੋਮਾਤਪਿਤਾਸੁਤਧੀਆ ॥ ਗ੍ਰਿਹਬ
ਨਿਤਾਕਛੁਸੰਗਿਨਲੀਆ ॥ ਐਸੀਸੰਚਿਜੁਬਿਨਸਤਨਾਹੀ ॥

ਪਤਿਸੇਤੀਅਪੁਨੈਘਰਿਜਾਹੀ ॥ ਸਾਧਸੰਗਿਕਲਿਕੀਰਤਨੁ
ਗਾਇਆ ॥ ਨਾਨਕਤੇਤੇਬਹੁਰਿਨਆਇਆ ॥੧੫॥ ਸਲੋ
ਕੁ ॥ ਅਤਿਸੁੰਦਰਕੁਲੀਨਚਤੁਰਮੁਖਿਙਿਆਨੀਧਨਵੰਤ ॥
ਮਿਰਤਕਕਹੀਅਹਿਨਾਨਕਾਜਿਹਪ੍ਰੀਤਿਨਹੀਭਗਵੰਤ ॥੧॥
ਪਉੜੀ ॥ ਙੰਙਾਖਟੁਸਾਸਤ੍ਰਹੋਇਙਿਆਤਾ ॥ ਪੂਰਕੁਕੁੰਭਕ
ਰੇਚਕਕਰਮਾਤਾ ॥ ਙਿਆਨਧਿਆਨਤੀਰਥਇਸਨਾਨੀ ॥
ਸੋਮਪਾਕਅਪਰਸਉਦਿਆਨੀ ॥ ਰਾਮਨਾਮਸੰਗਿਮਨਿਨਹੀ
ਹੇਤਾ ॥ ਜੋਕਛੁਕੀਨੋਸੋਊਅਨੇਤਾ ॥ ਉਆਤੇਊਤਮੁਗਨਉ
ਚੰਡਾਲਾ ॥ ਨਾਨਕਜਿਹਮਨਿਬਸਹਿਗੁਪਾਲਾ ॥੧੬॥

ਸਲੋਕੁ ॥ ਕੁੰਟਚਾਰਿਦਹਦਿਸਿਭ੍ਰਮੇਕਰਮਕਿਰਤਿਕੀਰੇਖ ॥ ਸੂਖਦੂਖਮੁਕਤਿਜੋਨਿਨਾਨਕਲਿਖਿਓਲੇਖ ॥੧॥ ਪਵੜੀ ॥ ਕਕਾਕਾਰਨਕਰਤਾਸੋਊ ॥ ਲਿਖਿਓਲੇਖੁਨਮੇਟਤਕੋਊ ॥ ਨਹੀਹੋਤਕਛੁਦੋਊਬਾਰਾ ॥ ਕਰਨੈਹਾਰੁਨਭੂਲਨਹਾਰਾ ॥ ਕਾਹੂਪੰਥੁਦਿਖਾਰੈਆਪੈ ॥ ਕਾਹੂਉਦਿਆਨਭ੍ਰਮਤਪਛੁਤਾਪੈ ॥ਆਪਨਖੇਲੁਆਪਹੀਕੀਨੋ ॥ ਜੋਜੋਦੀਨੋਸੁਨਾਨਕਲੀਨੋ ॥੧੭॥ ਸਲੋਕੁ ॥ ਖਾਤਖਰਚਤਬਿਲਛਤਰਹੇਟੂਟਿਨਜਾਹਿਭੰਡਾਰ ॥ ਹਰਿਹਰਿਜਪਤਅਨੇਕਜਨਨਾਨਕਨਾਹਿਸੁਮਾਰ ॥੧॥ ਪਉੜੀ ॥ ਖਖਾਖੂਨਾਕਛੁਨਹੀਤਿਸੁਸੰਮ੍ਰਥਕੈਪਾਹਿ ॥ ਜੋਦੇਨਾਸੋ

ਦੇਰਹਿਓਭਾਵੈਤਹਤਹਜਾਹਿ ॥ ਖਰਚੁਖਜਾਨਾਨਾਮਧਨੁਇ
ਆਭਗਤਨਕੀਰਾਸਿ ॥ ਖਿਮਾਗਰੀਬੀਅਨਦਸਹਜਜਪਤ
ਰਹਹਿਗੁਣਤਾਸ ॥ ਖੇਲਹਿਬਿਗਸਹਿਅਨਦਸਿਉਜਾਕਉ
ਹੋਤਕ੍ਰਿਪਾਲ ॥ ਸਦੀਵਗਨੀਵਸੁਹਾਵਨੇਰਾਮਨਾਮਗ੍ਰਿਹਿਮਾ
ਲ ॥ ਖੇਦੁਨਦੂਖੁਨਡਾਨੁਤਿਹਜਾਕਉਨਦਰਿਕਰੀ ॥ ਨਾਨਕ
ਜੋਪ੍ਰਭਭਾਣਿਆਪੂਰੀਤਿਨਾਪਰੀ॥੧੯॥ ਸਲੋਕੁ ॥ ਗਨਿਮਿ
ਨਿਦੇਖਹੁਮਨੈਮਾਹਿਸਰਪਰਚਲਨੋਲੋਗ ॥ ਆਸਅਨਿਤਗੁ
ਰਮੁਖਿਮਿਟੈਨਾਨਕਨਾਮਅਰੋਗ॥੧॥ ਪਉੜੀ ॥ ਗਗਾਗੋ
ਬਿਦਗੁਣਰਵਹੁਸਾਸਿਸਾਸਿਜਪਿਨੀਤ॥ ਕਹਾਬਿਸਾਸਾਦੇਹ

ਕਾਬਿਲਮਨਕਰਿਹੋਮੀਤ ॥ ਨਹਬਾਰਿਕਨਹਜੋਬਨੈਨਹਬਿਰ
ਧੀਕਛੁਬੰਧੁ ॥ ਓਹਬੇਰਾਨਹਬੂਝੀਐਜਉਆਇਪਰੈਜਮਫੰਧੁ॥
ਗਿਆਨੀਧਿਆਨੀਚਤੁਰਪੇਖਿਰਹਨੁਨਹੀਇਹਠਾਇ ॥ ਛਾ
ਡਿਛਾਡਿਸਗਲੀਗਈਮੂੜਤਹਾਲਪਟਾਹਿ ॥ ਗੁਰਪ੍ਰਸਾਦਿ
ਸਿਮਰਤਰਹੈਜਾਹੂਮਸਤਕਿਭਾਗ ॥ ਨਾਨਕਆਏਸਫਲਤੇ
ਜਾਕਉਪ੍ਰਿਅਹਿਸੁਹਾਗ ॥੧੯॥ ਸਲੋਕੁ ॥ ਘੋਖੇਸਾਸਤ੍ਰਬੇਦ
ਸਭਆਨਨਕਥਤਉਕੋਇ ॥ ਆਦਿਜੁਗਾਦੀਹੁਣਿਹੋਵਤਨਾ
ਨਕਏਕੈਸੋਇ ॥੧॥ ਪਉੜੀ ॥ ਘਘਾਘਾਲਹੁਮਨਹਿਏਹਬਿ
ਨੁਹਰਿਦੂਸਰਨਾਹਿ ॥ ਨਹਹੋਆਨਹਹੋਵਨਾਜਤਕਤਓਹੀ

ਸਮਾਹਿ ॥ ਘੂਲਹਿਤਊਮਨਜਉਆਵਹਿਸਰਨਾ ॥ ਨਾਮਤ
ਤੁਕਲਿਮਹਿਪੁਨਹਚਰਨਾ ॥ ਘਾਲਿਘਾਲਿਅਨਿਕਪਛੁਤਾ
ਵਹਿ ॥ ਬਿਨੁਹਰਿਭਗਤਿਕਹਾਥਿਤਿਪਾਵਹਿ ॥ ਘੋਲਿਮਹਾ
ਰਸੁਅੰਮ੍ਰਿਤੁਤਿਹਪੀਆ ॥ ਨਾਨਕਹਰਿਗੁਰਿਜਾਕਉਦੀਆ
॥੨੦॥ ਸਲੋਕੁ ॥ ਙਣਿਘਾਲੇਸਭਦਿਵਸਸਾਸਨਹਬਢਨਘ
ਟਨਤਿਲੁਸਾਰ ॥ ਜੀਵਨਲੋਰਹਿਭਰਮਮੋਹਨਾਨਕਤੇਊਗ
ਵਾਰ ॥੧॥ ਪਉੜੀ ॥ ਙੰਙਾਙ੍ਰਾਸੈਕਾਲੁਤਿਹਜੋਸਾਕਤਪ੍ਰਭਿ
ਕੀਨ ॥ ਅਨਿਕਜੋਨਿਜਨਮਹਿਮਰਹਿਆਤਮਰਾਮੁਨਚੀਨ ॥
ਙਿਆਨਧਿਆਨਤਾਹੂਕਉਆਏ ॥ ਕਰਿਕਿਰਪਾਜਿਹਆਪਿ

ਦ੍ਰਿਵਾਏ ॥ ਛੁਟਤੀਉਣੀਨਹੀਕੋਊਛੂਟੈ ॥ ਕਾਚੀਗਾਗਰਿਸ ਰਪਰਫੂਟੈ ॥ ਸੋਜੀਵਤਜਿਹਜੀਵਤਜਪਿਆ ॥ ਪ੍ਰਗਟਭਏ ਨਾਨਕਨਹਛਪਿਆ ॥੨੧॥ ਸਲੋਕੁ ॥ ਚਿਤਿਚਿਤਵਉਚ ਰਣਾਰਬਿੰਦਊਧਕਵਲਬਿਗਸਾਂਤ ॥ ਪ੍ਰਗਟਭਏਆਪਹਿ ਗੋੁਬਿੰਦਨਾਨਕਸੰਤਮਤਾਂਤ ॥੧॥ ਪਉੜੀ ॥ ਚਚਾਚਰਨਕ ਮਲਗੁਰਲਾਗਾ ॥ ਧਨਿਧਨਿਉਆਦਿਨਸੰਜੋਗਸਭਾਗਾ ॥ ਚਾਰਿਕੁੰਟਦਹਦਿਸਿਭ੍ਰਮਿਆਇਓ ॥ ਭਈਕ੍ਰਿਪਾਤਬਦਰਸ ਨੁਪਾਇਓ ॥ ਚਾਰਬਿਚਾਰਬਿਨਸਿਓਸਭਦੂਆ ॥ ਸਾਧਸੰ ਗਿਮਨੁਨਿਰਮਲਹੂਆ ॥ ਚਿੰਤਬਿਸਾਰੀਏਕਦ੍ਰਿਸਟੇਤਾ ॥

ਨਾਨਕਗਿਆਨਅੰਜਨੁਜਿਹਨੇਤ੍ਰਾ ॥੨੨॥ ਸਲੋਕੁ ॥ ਛਾਤੀ ਸੀਤਲਮਨੁਸੁਖੀਛੰਤਗੋਬਿਦਗੁਨਗਾਇ ॥ ਐਸੀਕਿਰਪਾ ਕਰਹੁਪ੍ਰਭਨਾਨਕਦਾਸਦਸਾਇ ॥੧॥ ਪਉੜੀ ॥ ਛਛਾਛੋਹਰ ਦਾਸਤੁਮਾਰੇ ॥ ਦਾਸਦਾਸਨਕੇਪਾਨੀਹਾਰੇ ॥ ਛਛਾਛਾਰੁਹੋਤ ਤੇਰੇਸੰਤਾ ॥ ਅਪਨੀਕ੍ਰਿਪਾਕਰਹੁਭਗਵੰਤਾ ॥ ਛਾਡਿਸਿਆ ਨਪਬਹੁਚਤੁਰਾਈ ॥ ਸੰਤਨਕੀਮਨਟੇਕਟਿਕਾਈ ॥ ਛਾਰੁਕੀ ਪੁਤਰੀਪਰਮਗਤਿਪਾਈ ॥ ਨਾਨਕਜਾਕਉਸੰਤਸਹਾਈ ॥ ੨੩॥ ਸਲੋਕੁ ॥ ਜੋਰਜੁਲਮਫੂਲਹਿਘਨੋਕਾਚੀਦੇਹਬਿਕਾਰ ॥ ਅਹੰਬੁਧਿਬੰਧਨਪਰੇਨਾਨਕਨਾਮਛੁਟਾਰ ॥੧॥ ਪਉੜੀ ॥

ਜਜਾ ਜਾਨੈ ਹਉ ਕਛੁ ਹੂਆ ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂ
ਆ ॥ ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿ
ਲੁ ਨਹੀ ਮਾਨੀ ॥ ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ
ਬਸੁਧਾ ਜਿਉ ਫਿਰਤਾ ॥ ਸਾਧਸੰਗਿ ਜਿਹ ਹਉਮੈ ਮਾਰੀ ॥ ਨਾਨ
ਕ ਤਾ ਕਉ ਮਿਲੇ ਮੁਰਾਰੀ ॥੨੪॥ ਸਲੋਕੁ ॥ ਝਾਲਾਘੇ ਉਠਿ ਨਾ
ਮੁ ਜਪਿ ਨਿਸਿ ਬਾਸੁਰ ਆਰਾਧਿ ॥ ਕਾੑਹਾ ਤੁਝੈ ਨ ਬਿਆਪਈ
ਨਾਨਕ ਮਿਟੈ ਉਪਾਧਿ ॥੧॥ ਪਉੜੀ ॥ ਝਝਾ ਝੂਰਨੁ ਮਿਟੈ ਤੁਮਾ
ਰੋ ॥ ਰਾਮ ਨਾਮ ਸਿਉ ਕਰਿ ਬਿਉਹਾਰੋ ॥ ਝੂਰਤ ਝੂਰਤ ਸਾਕਤ
ਮੂਆ ॥ ਜਾ ਕੈ ਰਿਦੈ ਹੋਤ ਭਾਉ ਬੀਆ ॥ ਝਰਹਿ ਕਸੰਮਲ ਪਾਪ

ਤੇਰੇਮਨੂਆ ॥ ਅੰਮ੍ਰਿਤਕਥਾਸੰਤਸੰਗਿਸੁਨੂਆ ॥ ਝਰਹਿਕਾ
ਮਕ੍ਰੋਧਦ੍ਰੁਸਟਾਈ ॥ ਨਾਨਕਜਾਕਉਕ੍ਰਿਪਾਗੁਸਾਈ ॥੨੫॥
ਸਲੋਕੁ ॥ ਞਤਨੁਕਰਹੁਤੁਮਅਨਿਕਬਿਧਿਰਹਨੁਨਪਾਵਹੁਮੀ
ਤ ॥ ਜੀਵਤਰਹਹੁਹਰਿਹਰਿਭਜਹੁਨਾਨਕਨਾਮਪਰੀਤਿ ॥
੧॥ ਪਵੜੀ ॥ ਞੰਞਾਞਾਣਹੁਦ੍ਰਿੜੁਸਹੀਬਿਨਸਿਜਾਤਏਹਹੇ
ਤ ॥ ਗਣਤੀਗਣਉਨਗਣਿਸਕਉਊਠਿਸਿਧਾਰੇਕੇਤ ॥ਞੋ
ਪੇਖਉਸੋਬਿਨਸਤਉਕਾਸਿਉਕਰੀਐਸੰਗੁ ॥ ਞਾਣਹੁਇਆ
ਬਿਧਿਸਹੀਚਿਤਝੂਠਉਮਾਇਆਰੰਗੁ ॥ ਞਾਣਤਸੋਈਸੰਤੁਸੁ
ਇਭ੍ਰਮਤੇਕੀਚਿਤਭਿੰਨ ॥ ਅੰਧਕੂਪਤੇਤਿਹਕਢਹੁਜਿਹਹੋਵਹੁ

ਸੁਪ੍ਰਸੰਨ ॥ ਵਾਕੈਹਾਥਿਸਮਰਥਤੇਕਾਰਨਕਰਨੈਜੋਗ ॥ ਨਾਨ
ਕਤਿਹਉਸਤਤਿਕਰਉਵਾਹੂਕੀਓਸੰਜੋਗ ॥੨੬॥ ਸਲੋਕੁ ॥
ਟੂਟੇਬੰਧਨਜਨਮਮਰਨਸਾਧਸੇਵਸੁਖੁਪਾਇ ॥ ਨਾਨਕਮਨਹੁ
ਨਬੀਸਰੈਗੁਣਨਿਧਿਗੋਬਿਦਰਾਇ ॥੧॥ ਪਉੜੀ ॥ ਟਹਲ
ਕਰਹੁਤਉਏਕਕੀਜਾਤੇਬ੍ਰਿਥਾਨਕੋਇ ॥ ਮਨਿਤਨਿਮੁਖਿਹੀ
ਐਬਸੈਜੋਚਾਹਹੁਸੋਹੋਇ ॥ ਟਹਲਮਹਲਤਾਕਉਮਿਲੈਜਾਕਉ
ਸਾਧਕ੍ਰਿਪਾਲ ॥ ਸਾਧੂਸੰਗਤਿਤਉਬਸੈਜਉਆਪਨਹੋਹਿਦ
ਇਆਲ ॥ ਟੋਹੇਟਾਹੇਬਹੁਭਵਨਬਿਨੁਨਾਵੈਸੁਖੁਨਾਹਿ ॥ ਟਲ
ਹਿਜਾਮਕੇਦੂਤਤਿਹਜੁਸਾਧੂਸੰਗਿਸਮਾਹਿ ॥ ਬਾਰਿਬਾਰਿਜਾਉ

ਸੰਤਸਦਕੇ ॥ ਨਾਨਕਪਾਪਬਿਨਾਸੇਕਦਿਕੇ ॥੨੭॥ ਸਲੋ
ਕੁ ॥ ਠਾਕਿਨਹੋਤੀਤਿਨਹੁਦਰਿਜਿਹਹੋਵਹੁਸੁਪ੍ਰਸੰਨ ॥ ਜੋਜ
ਨਪ੍ਰਭਿਅਪੁਨੇਕਰੇਨਾਨਕਤੇਧਨਿਧੰਨਿ ॥੧॥ ਪਉੜੀ ॥ ਠ
ਠਾਮਨੂਆਠਾਹਹਿਨਾਹੀ ॥ ਜੋਸਗਲਤਿਆਗਿਏਕਹਿਲਪ
ਟਾਹੀ ॥ ਠਹਕਿਠਹਕਿਮਾਇਆਸੰਗਿਮੂਏ ॥ ਉਆਕੈਕੁਸ
ਲਨਕਤਹੂਹੂਏ ॥ ਠਾਂਢਿਪਰੀਸੰਤਹਸੰਗਿਬਸਿਆ ॥ ਅੰਮ੍ਰਿ
ਤਨਾਮੁਤਹਾਜੀਅਰਸਿਆ ॥ ਠਾਕੁਰਅਪੁਨੇਜੋਜਨੁਭਾਇ
ਆ ॥ ਨਾਨਕਉਆਕਾਮਨੁਸੀਤਲਾਇਆ ॥੨੮॥ ਸਲੋਕੁ ॥
ਡੰਡਉਤਿਬੰਦਨਅਨਿਕਬਾਰਸਰਬਕਲਾਸਮਰਥ ॥ ਡੋਲਨ

ਤੇਰਾਖਹੁਪ੍ਰਭੂਨਾਨਕਦੇਕਰਿਹਥ ॥੧॥ ਪਉੜੀ ॥ ਡਡਾਡੇ
ਰਾਇਹੁਨਹੀਜਹਡੇਰਾਤਹਜਾਨੁ ॥ ਉਆਡੇਰਾਕਾਸੰਜਮੋਗੁਰ
ਕੈਸਬਦਿਪਛਾਨੁ ॥ ਇਆਡੇਰਾਕਉਸ੍ਰਮੁਕਰਿਘਾਲੈ ॥ ਜਾ
ਕਾਤਸੂਨਹੀਸੰਗਿਚਾਲੈ ॥ ਉਆਡੇਰਾਕੀਸੋਮਿਤਿਜਾਨੈ ॥ ਜਾ
ਕਉਦ੍ਰਿਸਟਿਪੂਰਨਭਗਵਾਨੈ ॥ ਡੇਰਾਨਿਹਚਲੁਸਚੁਸਾਧਸੰ
ਗਪਾਇਆ ॥ ਨਾਨਕਤੇਜਨਨਹਡੋਲਾਇਆ ॥੨੯॥ ਸਲੋ
ਕੁ ॥ ਢਾਹਨਲਾਗੇਧਰਮਰਾਇਕਿਨਹਿਨਘਾਲਿਓਬੰਧ ॥
ਨਾਨਕਉਬਰੇਜਪਿਹਰੀਸਾਧਸੰਗਿਸਨਬੰਧ ॥੧॥ ਪਉੜੀ ॥
ਢਢਾਢੂਢਤਕਹਾਫਿਰਹੁਢੂਢਨੁਇਆਮਨਮਾਹਿ ॥ ਸੰਗਿ

ਤੁਹਾਰੈਪ੍ਰਭੁਬਸੈਬਨੁਬਨੁਕਹਾਫਿਰਾਹਿ ॥ ਫੇਰੀਫਾਹਹੁਸਾਧ
ਸੰਗਿਅਹੰਬੁਧਿਬਿਕਰਾਲ ॥ ਸੁਖੁਪਾਵਹੁਸਹਜੇਬਸਹੁਦਰਸਨੁ
ਦੇਖਿਨਿਹਾਲ ॥ ਫੇਰੀਜਾਮੈਜਮਿਮਰੈਗਰਭਜੋਨਿਦੁਖਪਾਇ ॥
ਮੋਹਮਗਨਲਪਟਤਰਹੈਹਉਹਉਆਵੈਜਾਇ ॥ ਫਹਤਫਹ
ਤਅਬਫਹਿਪਰੇਸਾਧਜਨਾਸਰਨਾਇ ॥ ਦੂਖਕੇਫਾਹੇਕਾਟਿਆ
ਨਾਨਕਲੀਏਸਮਾਇ ॥੩੦॥ ਸਲੋਕੁ ॥ ਜਹਸਾਧੂਗੋਬਿਦਭ
ਜਨੁਕੀਰਤਨੁਨਾਨਕਨੀਤ ॥ ਣਾਹਉਣਾਤੂੰਣਹਛੁਟਹਿਨਿ
ਕਟਿਨਜਾਈਅਹੁਦੂਤ ॥੧॥ ਪਉੜੀ ॥ ਣਾਣਾਰਣਤੇਸੀਝੀ
ਐਆਤਮਜੀਤੈਕੋਇ ॥ ਹਉਮੈਅਨਸਿਉਲਰਿਮਰੈਸੋਸੋਭਾਦੂ

ਹੋਇ ॥ ਮਣੀਮਿਟਾਇਜੀਵਤਮਰੈਗੁਰਪੂਰੇਉਪਦੇਸ ॥ ਮਨੂ
ਆਜੀਤੈਹਰਿਮਿਲੈਤਿਹਸੂਰਤਣਵੇਸ ॥ ਣਾਕੋਜਾਣੈਆਪਣੋ
ਏਕਹਿਟੇਕਅਧਾਰ ॥ ਰੈਣਿਦਿਨਸੁਸਿਮਰਤਰਹੈਸੋਪ੍ਰਭੁਪੁਰ
ਖੁਅਪਾਰ ॥ ਰੇਣਸਗਲਇਆਮਨੁਕਰੈਏਊਕਰਮਕਮਾਇ ॥
ਹੁਕਮੈਬੂਝੈਸਦਾਸੁਖੁਨਾਨਕਲਿਖਿਆਪਾਇ ॥੩੧॥ ਸਲੋ
ਕੁ ॥ ਤਨੁਮਨੁਧਨੁਅਰਪਉਤਿਸੈਪ੍ਰਭੂਮਿਲਾਵੈਮੋਹਿ ॥ ਨਾਨ
ਕਭ੍ਰਮਭਉਕਾਟੀਐਚੂਕੈਜਮਕੀਜੋਹ ॥੧॥ ਪਉੜੀ ॥ ਤਤਾ
ਤਾਸਿਉਪ੍ਰੀਤਿਕਰਿਗੁਣਨਿਧਿਗੋਬਿਦਰਾਇ ॥ ਫਲਪਾਵਹਿ
ਮਨਬਾਛਤੇਤਪਤਿਤੁਹਾਰੀਜਾਇ ॥ ਤ੍ਰਾਸਮਿਟੈਜਮਪੰਥਕੀ

ਜਾਸੁਬਸੈਮਨਿਨਾਉ ॥ ਗਤਿਪਾਵਹਿਮਤਿਹੋਇਪ੍ਰਗਾਸਮਹ
ਲੀਪਾਵਹਿਠਾਉ ॥ ਤਾਹੂਸੰਗਿਨਧਨੁਚਲੈਗ੍ਰਿਹਜੋਬਨਨਹ
ਰਾਜ ॥ ਸੰਤਸੰਗਿਸਿਮਰਤਰਹੁਇਹੈਤੁਹਾਰੈਕਾਜ ॥ ਤਾਤਾ
ਕਛੂਨਹੋਈਹੈਜਉਤਾਪਨਿਵਾਰੈਆਪ ॥ ਪ੍ਰਤਿਪਾਲੈਨਾਨਕ
ਹਮਹਿਆਪਹਿਮਾਈਬਾਪ ॥੩੨॥ ਸਲੋਕੁ ॥ ਥਾਕੇਬਹੁਬਿਧਿ
ਘਾਲਤੇਤ੍ਰਿਪਤਿਨਤ੍ਰਿਸਨਾਲਾਥ ॥ ਸੰਚਿਸੰਚਿਸਾਕਤਮੂਏ
ਨਾਨਕਮਾਇਆਨਸਾਥ ॥੧॥ ਪਉੜੀ ॥ ਥਥਾਥਿਰੁਕੋਊ
ਨਹੀਕਾਇਪਸਾਰਹੁਪਾਵ ॥ ਅਨਿਕਬੰਚਬਲਛਲਕਰਹੁਮਾ
ਇਆਏਕਉਪਾਵ ॥ ਥੈਲੀਸੰਚਹੁਸ੍ਰਮੁਕਰਹੁਥਾਕਿਪਰਹੁ

ਗਾਵਾਰ ॥ ਮਨਕੈਕਾਮਿਨਆਵਈਅੰਤੇਅਉਸਰਬਾਰ ॥ ਥਿ
ਤਿਪਾਵਹੁਗੋਬਿਦਭਜਹੁਸੰਤਹਕੀਸਿਖਲੇਹੁ ॥ ਪ੍ਰੀਤਿਕਰਹੁ
ਸਦਏਕਸਿਉਇਆਸਾਚਾਅਸਨੇਹੁ ॥ ਕਾਰਨਕਰਨਕਰਾਵ
ਨੋਸਭਬਿਧਿਏਕੈਹਾਥ ॥ ਜਿਤੁਜਿਤੁਲਾਵਹੁਤਿਤੁਤਿਤੁਲਗ
ਹਿਨਾਨਕਜੰਤਅਨਾਥ ॥੩੩॥ ਸਲੋਕੁ ॥ ਦਾਸਹਏਕੁਨਿਹਾ
ਰਿਆਸਭੁਕਛੁਦੇਵਨਹਾਰ ॥ ਸਾਸਿਸਾਸਿਸਿਮਰਤਰਹਹਿ
ਨਾਨਕਦਰਸਅਧਾਰ ॥੧॥ ਪਉੜੀ ॥ ਦਦਾਦਾਤਾਏਕੁਹੈ
ਸਭਕਉਦੇਵਨਹਾਰ ॥ ਦੇਂਦੇਤੋਟਿਨਆਵਈਅਗਨਤਭਰੇ
ਭੰਡਾਰ ॥ ਦੈਨਹਾਰੁਸਦਜੀਵਨਹਾਰਾ ॥ ਮਨਮੂਰਖਕਿਉ

ਤਾਹਿਬਿਸਾਰਾ ॥ ਦੋਸੁਨਹੀਕਾਹੂਕਉਮੀਤਾ ॥ ਮਾਇਆਮੋਹ
ਬੰਧੁਪ੍ਰਭਿਕੀਤਾ ॥ ਦਰਦਨਿਵਾਰਹਿਜਾਕੇਆਪੇ ॥ ਨਾਨਕ
ਤੇਤੇਗੁਰਮੁਖਿਧ੍ਰਾਪੇ ॥੩੪॥ ਸਲੋਕੁ ॥ ਧਰਜੀਅਰੇਇਕਟੇਕ
ਤੂਲਾਹਿਬਿਡਾਨੀਆਸ ॥ ਨਾਨਕਨਾਮੁਧਿਆਈਐਕਾਰਜੁ
ਆਵੈਰਾਸਿ ॥੧॥ ਪਉੜੀ ॥ ਧਧਾਧਾਵਤਤਉਮਿਟੈਸੰਤਸੰ
ਗਿਹੋਇਬਾਸੁ ॥ ਧੁਰਤੇਕਿਰਪਾਕਰਹੁਆਪਿਤਉਹੋਇਮਨਹਿ
ਪਰਗਾਸੁ ॥ ਧਨੁਸਾਚਾਤੇਊਸਚਸਾਹਾ ॥ ਹਰਿਹਰਿਪੂੰਜੀਨਾ
ਮਬਿਸਾਹਾ ॥ ਧੀਰਜੁਜਸੁਸੋਭਾਤਿਹਬਨਿਆ ॥ ਹਰਿਹਰਿਨਾ
ਮੁਸ੍ਰਵਨਿਜਿਹਸੁਨਿਆ ॥ ਗੁਰਮੁਖਿਜਿਹਘਟਿਰਹੇਸਮਾਈ ॥

ਨਾਨਕਤਿਹਜਨਮਿਲੀਵਡਾਈ ॥੩੫॥ ਸਲੋਕੁ ॥ ਨਾਨਕ
ਨਾਮੁਨਾਮੁਜਪੁਜਪਿਆਅੰਤਰਿਬਾਹਰਿਰੰਗਿ ॥ ਗੁਰਿਪੂਰੈਉ
ਪਦੇਸਿਆਨਰਕੁਨਾਹਿਸਾਧਸੰਗਿ ॥੧॥ ਪਉੜੀ ॥ ਨੰਨਾ
ਨਰਕਿਪਰਹਿਤੇਨਾਹੀ ॥ ਜਾਕੈਮਨਿਤਨਿਨਾਮੁਬਸਾਹੀ ॥ ਨਾ
ਮੁਨਿਧਾਨੁਗੁਰਮੁਖਿਜੋਜਪਤੇ ॥ ਬਿਖੁਮਾਇਆਮਹਿਨਾਓਇ
ਖਪਤੇ ॥ ਨੰਨਾਕਾਰੁਨਹੋਤਾਤਾਕਹੁ ॥ ਨਾਮੁਮੰਤ੍ਰੁਗੁਰਿਦੀਨੋ
ਜਾਕਹੁ ॥ ਨਿਧਿਨਿਧਾਨਹਰਿਅੰਮ੍ਰਿਤਪੂਰੇ ॥ ਤਹਬਾਜੇਨਾ
ਨਕਅਨਹਦਤੂਰੇ ॥੩੬॥ ਸਲੋਕੁ ॥ ਪਤਿਰਾਖੀਗੁਰਿਪਾਰ
ਬ੍ਰਹਮਤਜਿਪਰਪੰਚਮੋਹਬਿਕਾਰ ॥ ਨਾਨਕਸੋਊਆਰਾਧੀਐ

Scanned by CamScanner

ਅੰਤੁਨਪਾਰਾਵਾਰੁ ॥੧॥ ਪਉੜੀ ॥ ਪਪਾਪਰਮਿਤਿਪਾਰੁਨ
ਪਾਇਆ ॥ ਪਤਿਤਪਾਵਨਅਗਮਹਰਿਰਾਇਆ ॥ ਹੋਤਪੁ
ਨੀਤਕੋਟਅਪਰਾਧੂ ॥ ਅੰਮ੍ਰਿਤਨਾਮੁਜਪਹਿਮਿਲਿਸਾਧੂ ॥ ਪ
ਰਪਚਧ੍ਰੋਹਮੋਹਮਿਟਨਾਈ ॥ ਜਾਕਉਰਾਖਹੁਆਪਿਗੁਸਾਈ ॥
ਪਾਤਿਸਾਹੁਛਤ੍ਰਸਿਰਸੋਊ ॥ ਨਾਨਕਦੂਸਰਅਵਰੁਨਕੋਊ ॥
੩੭॥ ਸਲੋਕੁ ॥ ਫਾਹੇਕਾਟੇਮਿਟੇਗਵਨਫਤਿਹਭਈਮਨਿਜੀ
ਤ ॥ ਨਾਨਕਗੁਰਤੇਥਿਤਪਾਈਫਿਰਨਮਿਟੇਨਿਤਨੀਤ ॥੧॥
ਪਉੜੀ ॥ ਫਫਾਫਿਰਤਫਿਰਤਤੂਆਇਆ ॥ ਦ੍ਰੁਲਭਦੇਹਕਲਿ
ਜੁਗਮਹਿਪਾਇਆ ॥ ਫਿਰਿਇਆਅਉਸਰੁਚਰੈਨਹਾਥਾ ॥

Scanned by CamScanner

ਨਾਮੁਜਪਹੁਤਉਕਟੀਅਹਿਫਾਸਾ ॥ ਫਿਰਿਫਿਰਿਆਵਨਜਾਨੁ
ਨਹੋਈ ॥ ਏਕਹਿਏਕਜਪਹੁਜਪੁਸੋਈ ॥ ਕਰਹੁਕ੍ਰਿਪਾਪ੍ਰਭ
ਕਰਨੈਹਾਰੇ ॥ ਮੇਲਿਲੇਹੁਨਾਨਕਬੇਚਾਰੇ ॥੩੯॥ ਸਲੋਕੁ ॥
ਬਿਨਉਸੁਨਹੁਤੁਮਪਾਰਬ੍ਰਹਮਦੀਨਦਇਆਲਗੁਪਾਲ ॥ ਸੁਖ
ਸੰਪੈਬਹੁਭੋਗਰਸਨਾਨਕਸਾਧਰਵਾਲ ॥੧॥ ਪਉੜੀ ॥ ਬਬਾ
ਬ੍ਰਹਮੁਜਾਨਤਤੇਬ੍ਰਹਮਾ ॥ ਬੈਸਨੋਤੇਗੁਰਮੁਖਿਸੁਚਧਰਮਾ ॥ ਬੀ
ਰਾਆਪਨਬੁਰਾਮਿਟਾਵੈ ॥ ਤਾਹੂਬੁਰਾਨਿਕਟਿਨਹੀਆਵੈ ॥
ਬਾਧਿਓਆਪਨਹਉਹਉਬੰਧਾ ॥ ਦੋਸੁਦੇਤਆਗਹਕਉਅੰ
ਧਾ ॥ ਬਾਤਚੀਤਸਭਰਹੀਸਿਆਨਪ ॥ ਜਿਸਹਿਜਨਾਵਹੁਸੋ

ਜਾਨੈਨਾਨਕ ॥੩੯॥ ਸਲੋਕੁ ॥ ਭੈਭੰਜਨਅਘਦੂਖਨਾਸਮਨ ਹਿਅਰਾਧਿਹਰੇ ॥ ਸੰਤਸੰਗਜਿਹਰਿਦਬਸਿਓਨਾਨਕਤੇਨ ਭ੍ਰਮੇ ॥੧॥ ਪਉੜੀ ॥ ਭਭਾਭਰਮੁਮਿਟਾਵਹੁਅਪਨਾ ॥ ਇਆ ਸੰਸਾਰੁਸਗਲਹੈਸੁਪਨਾ ॥ ਭਰਮੇਸੁਰਿਨਰਦੇਵੀਦੇਵਾ ॥ ਭਰ ਮੇਸਿਧਸਾਧਿਕਬ੍ਰਹਮੇਵਾ ॥ ਭਰਮਿਭਰਮਿਮਾਨੁਖਡਹਕਾਏ ॥ ਦੁਤਰਮਹਾਬਿਖਮਇਹਮਾਏ ॥ ਗੁਰਮੁਖਿਭ੍ਰਮਭੈਮੋਹਮਿਟਾਇ ਆ ॥ ਨਾਨਕਤੇਹਪਰਮਸੁਖਪਾਇਆ ॥੪੦॥ ਸਲੋਕੁ ॥ ਮਾ ਇਆਡੋਲੈਬਹੁਬਿਧੀਮਨੁਲਪਟਿਓਤਿਹਸੰਗ ॥ ਮਾਗਨਤੇ ਜਿਹਤੁਮਰਖਹੁਸੁਨਾਨਕਨਾਮਹਿਰੰਗ ॥੧॥ ਪਉੜੀ ॥ ਮਮਾ

Scanned by CamScanner

ਮਾਰਨਹਾਰਇਆਨਾ ॥ ਦੇਨਹਾਰਦੇਰਹਿਓਸੁਜਾਨਾ ॥ ਜੋ
ਦੀਨੋਸੋਏਕਹਿਬਾਰ ॥ ਮਨਮੂਰਖਕਹਕਰਹਿਪੁਕਾਰ ॥ ਜਉ
ਮਾਗਹਿਤਉਮਾਗਹਿਬੀਆ ॥ ਜਾਤੇਕੁਸਲਨਕਾਹੂਥੀਆ ॥
ਮਾਗਨਿਮਾਗਤਏਕਹਿਮਾਗ ॥ ਨਾਨਕਜਾਤੇਪਰਹਿਪਰਾਗ
॥੪੧॥ ਸਲੋਕ ॥ ਮਤਿਪੂਰੀਪਰਧਾਨਤੇਗੁਰਪੂਰੇਮਨਮੰਤ ॥
ਜਿਹਜਾਨਿਓਪ੍ਰਭੁਆਪੁਨਾਨਾਨਕਤੇਭਗਵੰਤ ॥੧॥ ਪਉ
ੜੀ ॥ ਮਮਾਜਾਹੂਮਰਮੁਪਛਾਨਾ ॥ ਭੇਟਤਸਾਧਸੰਗਪਤੀਆ
ਨਾ ॥ ਦੁਖਸੁਖਉਆਕੈਸਮਤਬੀਚਾਰਾ ॥ ਨਰਕਸੁਰਗਰਹ
ਤਅਉਤਾਰਾ ॥ ਤਾਹੂਸੰਗਤਾਹੂਨਿਰਲੇਪਾ ॥ ਪੂਰਨਘਟਘਟ

ਪੁਰਖਬਿਸੇਖਾ ॥ ਊਆਰਸਮਹਿਓਆਹੂਸੁਖੁਪਾਇਆ ॥ ਨਾ
ਨਕਲਿਪਤਨਹੀਤਿਹਮਾਇਆ ॥੪੨॥ ਸਲੋਕੁ ॥ ਯਾਰਮੀ
ਤਸੁਨਿਸਾਜਨਹੁਬਿਨੁਹਰਿਛੂਟਨੁਨਾਹਿ ॥ ਨਾਨਕਤਿਹਬੰਧ
ਨਕਟੇਗੁਰਕੀਚਰਨੀਪਾਹਿ ॥੧॥ ਪਵੜੀ ॥ ਯਯਾਜਤਨ
ਕਰਤਬਹੁਬਿਧੀਆ ॥ ਏਕਨਾਮਬਿਨੁਕਹਲਉਸਿਧੀਆ ॥
ਯਾਹੂਜਤਨਕਰਿਹੋਤਛੁਟਾਰਾ ॥ ਉਆਹੂਜਤਨਸਾਧਸੰਗਾ
ਰਾ ॥ ਯਾਉਬਰਨਧਾਰੈਸਭੁਕੋਊ ॥ ਉਆਹਿਜਪੇਬਿਨੁਉ
ਬਰਨਹੋਊ ॥ ਯਾਹੂਤਰਨਤਾਰਨਸਮਰਾਥਾ ॥ ਰਾਖਿਲੇਹੁ
ਨਿਰਗੁਨਨਰਨਾਥਾ ॥ ਮਨਬਚਕ੍ਰਮਜਿਹਆਪਿਜਨਾਈ ॥

ਨਾਨਕਤਿਹਮਤਿਪ੍ਰਗਟੀਆਈ ॥੪੩॥ ਸਲੋਕੁ ॥ ਰੋਸੁਨ
ਕਾਹੂਸੰਗਕਰਹੁਆਪਨਆਪੁਬੀਚਾਰਿ ॥ ਹੋਇਨਿਮਾਨਾਜ
ਗਿਰਹਹੁਨਾਨਕਨਦਰੀਪਾਰਿ ॥੧॥ ਪਉੜੀ ॥ ਰਾਰਾਰੇਨ
ਹੋਤਸਭਜਾਕੀ ॥ ਤਜਿਅਭਿਮਾਨੁਛੁਟੈਤੇਰੀਬਾਕੀ ॥ ਰਣਿ
ਦਰਗਹਿਤਉਸੀਝਹਿਭਾਈ ॥ ਜਉਗੁਰਮੁਖਿਰਾਮਨਾਮਲਿ
ਵ਼ਲਾਈ ॥ ਰਹਤਰਹਤਰਹਿਜਾਹਿਬਿਕਾਰਾ ॥ ਗੁਰਪੂਰੇਕੈਸ
ਬਦਿਅਪਾਰਾ ॥ ਰਾਤੇਰੰਗਨਾਮਰਸਮਾਤੇ ॥ ਨਾਨਕਹਰਿਗੁ
ਰਕੀਨੀਦਾਤੇ ॥੪੪॥ ਸਲੋਕੁ ॥ ਲਾਲਚਝੂਠਬਿਖੈਬਿਆਧਿ
ਇਆਦੇਹੀਮਹਿਬਾਸ ॥ ਹਰਿਹਰਿਅੰਮ੍ਰਿਤੁਗੁਰਮੁਖਿਪੀਆ

ਨਾਨਕਸੂਖਿਨਿਵਾਸ ॥੧॥ ਪਉੜੀ ॥ ਲਲਾਲਾਵਉਅਉ
ਖਧਜਾਹੂ ॥ ਦੂਖਦਰਦਤਿਹਮਿਟਹਿਖਿਨਾਹੂ ॥ ਨਾਮਅਉਖ
ਧੁਜਿਹਰਿਦੈਹਿਤਾਵੈ ॥ ਤਾਹਿਰੋਗੁਸੁਪਨੈਨਹੀਆਵੈ ॥ ਹਰਿ
ਅਉਖਧੁਸਭਘਟਹੈਭਾਈ ॥ ਗੁਰਪੂਰੇਬਿਨੁਬਿਧਿਨਬਨਾ
ਈ ॥ ਗੁਰਿਪੂਰੈਸੰਜਮੁਕਰਿਦੀਆ ॥ ਨਾਨਕਤਉਫਿਰਿਦੂਖ
ਨਥੀਆ ॥੪੫॥ ਸਲੋਕੁ ॥ ਵਾਸੁਦੇਵਸਰਬਤ੍ਰਮੈਊਨਨਕਤ
ਹੂਠਾਇ ॥ ਅੰਤਰਿਬਾਹਰਿਸੰਗਿਹੈਨਾਨਕਕਾਇਦੁਰਾਇ ॥
੧॥ ਪਉੜੀ ॥ ਵਵਾਵੈਰੁਨਕਰੀਐਕਾਹੂ ॥ ਘਟਘਟਅੰਤ
ਰਿਬ੍ਰਹਮਸਮਾਹੂ ॥ ਵਾਸੁਦੇਵਜਲਥਲਮਹਿਰਵਿਆ ॥ ਗੁਰ

ਪ੍ਰਸਾਦਿਵਿਰਲੈਹੀਗਵਿਆ ॥ ਵੈਰਵਿਰੋਧਮਿਟੇਤਿਹਮਨ ਤੇ ॥ ਹਰਿਕੀਰਤਨੁਗੁਰਮੁਖਿਜੋਸੁਨਤੇ ॥ ਵਰਨਿਚਿਹਨਸ ਗਲਹਤੇਰਹਤਾ ॥ ਨਾਨਕਹਰਿਹਰਿਗੁਰਮੁਖਿਜੋਕਹਤਾ॥ ੪੬॥ ਸਲੋਕੁ ॥ ਹਉਹਉਕਰਤਬਿਹਾਨੀਆਸਾਕਤਮੁਗਧ ਅਜਾਨ ॥ ੜੜਕਿਮੁਏਜਿਉਤ੍ਰਿਖਾਵੰਤਨਾਨਕਕਿਰਤਿਕ ਮਾਨ ॥੧॥ ਪਉੜੀ ॥ ੜਾੜਾੜਿਮਿਟੈਸੰਗਿਸਾਧੂ ॥ ਕਰ ਮਧਰਮਤਤੁਨਾਮਅਰਾਧੂ ॥ ਰੂੜੋਜੇਹਬਸਿਓਰਿਦਮਾਹੀ ॥ ਉਆਕੀੜਾੜਿਮਿਟਤਬਿਨਸਾਹੀ ॥ ੜਾੜਿਕਰਤਸਾਕਤ ਗਾਵਾਰਾ ॥ ਜੇਹਹੀਐਅਹੰਬੁਧਿਬਿਕਾਰਾ॥ ੜਾੜਾਗੁਰਮੁਖਿ

ਤ੍ਰਾਣਿਮਿਟਾਈ ॥ ਨਿਮਖਮਾਹਿਨਾਨਕਸਮਝਾਈ ॥੪੭॥
ਸਲੋਕੁ ॥ ਸਾਧੂਕੀਮਨਓਟਗਹੁਉਕਤਿਸਿਆਨਪਤਿਆ
ਗੁ॥ਗੁਰਦੀਖਿਆਜਿਹਮਨਿਬਸੈਨਾਨਕਮਸਤਕਿਭਾਗੁ॥
੧॥ਪਉੜੀ ॥ ਸਸਾਸਰਨਿਪਰੇਅਬਹਾਰੇ ॥ ਸਾਸਤ੍ਰਸਿਮ੍ਰਿਤਿ
ਬੇਦਪੂਕਾਰੇ ॥ ਸੋਧਤਸੋਧਤਸੋਧਿਬੀਚਾਰਾ ॥ ਬਿਨੁਹਰਿਭਜ
ਨਨਹੀਛੁਟਕਾਰਾ ॥ ਸਾਸਿਸਾਸਿਹਮਭੂਲਨਹਾਰੇ ॥ ਤੁਮਸਮ
ਰਥਅਗਨਤਅਪਾਰੇ ॥ ਸਰਨਿਪਰੇਕੀਰਾਖੁਦਇਆਲਾ ॥
ਨਾਨਕਤੁਮਰੇਬਾਲਗੁਪਾਲਾ ॥੪੮॥ ਸਲੋਕੁ ॥ ਖੁਦੀਮਿਟੀ
ਤਬਸੁਖਭਏਮਨਤਨਭਏਅਰੋਗ ॥ ਨਾਨਕਦ੍ਰਿਸਟੀਆਇਆ

ਉਸਤਤਿਕਰਨੈਜੋਗੁ ॥੧॥ ਪਉੜੀ ॥ ਖਖਾਖਰਾਸਰਾਹਉ
ਤਾਹੂ ॥ ਜੋਖਿਨਮਹਿਊਨੇਸੁਭਰਭਰਾਹੂ ॥ ਖਰਾਨਿਮਾਨਾਹੋਤ
ਪਰਾਨੀ ॥ ਅਨਦਿਨੁਜਾਪੈਪ੍ਰਭਨਿਰਬਾਨੀ ॥ ਭਾਵੈਖਸਮਤ
ਉਆਸੁਖੁਦੇਤਾ ॥ ਪਾਰਬ੍ਰਹਮੁਐਸੋਆਗਨਤਾ ॥ ਅਸੰਖਖ
ਤੇਖਿਨਬਖਸਨਹਾਰਾ ॥ ਨਾਨਕਸਾਹਿਬਸਦਾਦਇਆਰਾ
॥੪੯॥ ਸਲੋਕੁ ॥ ਸਤਿਕਹਉਸੁਨਿਮਨਮੇਰੇਸਰਨਿਪਰਹੁਹ
ਰਿਰਾਇ ॥ ਉਕਤਿਸਿਆਨਪਸਗਲਤਿਆਗਿਨਾਨਕਲਏ
ਸਮਾਇ ॥੧॥ ਪਉੜੀ ॥ ਸਸਾਸਿਆਨਪਛਾਡੁਇਆਨਾ ॥
ਹਿਕਮਤਿਹੁਕਮਿਨਪ੍ਰਭੁਪਤੀਆਨਾ ॥ ਸਹਸਭਾਤਿਕਰਹਿ

Scanned by CamScanner

ਰਤੁਰਾਈ ॥ ਸੰਗਿਤੁਹਾਰੈਏਕਨਜਾਈ ॥ ਸੋਊਸੋਊਜਪਿਦਿ
ਨਰਾਤੀ ॥ ਰੇਜੀਅਚਲੈਤੁਹਾਰੈਸਾਥੀ ॥ ਸਾਧਸੇਵਾਲਾਇਜਿ
ਹਆਪੈ ॥ ਨਾਨਕਤਾਕਉਦੂਖੁਨਬਿਆਪੈ ॥੫੦॥ ਸਲੋਕੁ ॥
ਹਰਿਹਰਿਮੁਖਤੇਬੋਲਨਾਮਨਿਵੂਠੈਸੁਖੁਹੋਇ ॥ ਨਾਨਕਸਭ
ਮਹਿਰਵਿਰਹਿਆਥਾਨਥਨੰਤਰਿਸੋਇ ॥੧॥ ਪਉੜੀ ॥ ਹੇਰ
ਉਘਟਿਘਟਿਸਗਲਕੈਪੂਰਿਰਹੇਭਗਵਾਨ ॥ ਹੋਵਤਆਏਸ
ਦਸਦੀਵਦੂਖਭੰਜਨਗੁਰਗਿਆਨ ॥ ਹਉਛੁਟਕੈਹੋਇਅਨੰਦੁ
ਤਿਹਹਉਨਾਹੀਤਹਆਪਿ ॥ ਹਤੇਦੂਖਜਨਮਹਮਰਨਸੰਤ
ਸੰਗਪਰਤਾਪ ॥ ਹਿਤਕਰਿਨਾਮਦ੍ਰਿੜੈਦਇਆਲਾ ॥ ਸੰਤਹ

ਸੰਗਿਹੋਤਕਿਰਪਾਲਾ ॥ ਓਰੈਕਛੂਨਕਿਨਹੂਕੀਆ ॥ ਨਾਨ
ਕਸਭੁਕਛੁਪ੍ਰਭਤੇਹੂਆ ॥੫੧॥ ਸਲੋਕੁ ॥ ਲੇਖੈਕਤਹਿਨਛੂ
ਟੀਐਖਿਨੁਖਿਨੁਭੂਲਨਹਾਰ ॥ ਬਖਸਨਹਾਰਬਖਸਿਲੈਨਾਨ
ਕਪਾਰਿਉਤਾਰ ॥੧॥ ਪਉੜੀ ॥ ਲੂਣਹਰਾਮੀਗੁਨਹਗਾਰ
ਬੇਗਾਨਾਅਲਪਮਤਿ ॥ ਜੀਉਪਿੰਡੁਜਿਨਿਸੁਖਦੀਏਤਾਹਿਨ
ਜਾਨਤਤਤ ॥ ਲਾਹਾਮਾਇਆਕਾਰਨੇਦਹਦਿਸਿਢੂਢਨਜਾ
ਇ ॥ ਦੇਵਨਹਾਰਦਾਤਾਰਪ੍ਰਭਨਿਮਖਨਮਨਹਿਬਸਾਇ ॥ ਲਾ
ਲਚਝੂਠਬਿਕਾਰਮੋਹਇਆਸੰਪੈਮਨਮਾਹਿ ॥ ਲੰਪਟਚੋਰਨਿੰਦ
ਕਮਹਾਤਿਨਹੂਸੰਗਿਬਿਹਾਇ ॥ ਤੁਧੁਭਾਵੈਤਾਬਖਸਿਲੈਹਿ

ਖੋਟੇਸੰਗਿਖਰੇ ॥ ਨਾਨਕਭਾਵੈਪਾਰਬ੍ਰਹਮਪਾਹਨਨੀਰਿਤਰੇ
॥੫੨॥ ਸਲੋਕੁ ॥ ਖਾਤਪੀਤਖੇਲਤਹਸਤਭਰਮੇਜਨਮਅਨੇ
ਕ ॥ ਭਵਜਲਤੇਕਾਢਹੁਪ੍ਰਭੂਨਾਨਕਤੇਰੀਟੇਕ ॥੧॥ ਪਉ
ੜੀ ॥ ਖੇਲਤਖੇਲਤਆਇਓਅਨਿਕਜੋਨਿਦੁਖਪਾਇ ॥ ਖੇਦ
ਮਿਟੇਸਾਧੂਮਿਲਤਸਤਿਗੁਰਬਚਨਸਮਾਇ ॥ ਖਿਮਾਗਹੀਸਚੁ
ਸੰਚਿਓਖਾਇਓਅੰਮ੍ਰਿਤੁਨਾਮ ॥ ਖਰੀਕ੍ਰਿਪਾਠਾਕੁਰਭਈਅ
ਨਦਸੂਖਬਿਸ੍ਰਾਮ ॥ ਖੇਪਨਿਬਾਹੀਬਹੁਤੁਲਾਭਘਰਿਆਇਪਤਿ
ਵੰਤ ॥ ਖਰਾਦਿਲਾਸਾਗੁਰਿਦੀਆਆਇਮਿਲੇਭਗਵੰਤ ॥
ਆਪਨਕੀਆਕਰਹਿਆਪਿਆਗੈਪਾਛੈਆਪਿ ॥ ਨਾਨਕ

ਸੋਊਸਰਾਹੀਐਜਿਘਟਿਘਟਿਰਹਿਆਬਿਆਪਿ ॥੫੩॥ ਸਲੋ
ਕੁ ॥ ਆਇਪ੍ਰਭਸਰਨਾਗਤੀਕਿਰਪਾਨਿਧਿਦਇਆਲ ॥ ਏਕ
ਅਖਰੁਹਰਿਮਨਬਸਤਨਾਨਕਹੋਤਨਿਹਾਲ ॥੧॥ ਪਉੜੀ ॥
ਅਖਰਮਹਿਤ੍ਰਿਭਵਨਪ੍ਰਭਿਧਾਰੇ ॥ ਅਖਰਕਰਿਕਰਿਬੇਦਬੀ
ਚਾਰੇ ॥ ਅਖਰਸਾਸਤ੍ਰਸਿੰਮ੍ਰਿਤਿਪੁਰਾਨਾ ॥ ਅਖਰਨਾਦਕਥ
ਨਵਖ੍ਯ੍ਯਾਨਾ ॥ ਅਖਰਮੁਕਤਿਜੁਗਤਿਭੈਭਰਮਾ ॥ ਅਖਰਕਰ
ਮਕਿਰਤਿਸੁਚਧਰਮਾ ॥ ਦ੍ਰਿਸਟਿਮਾਨਅਖਰਹੈਜੇਤਾ ॥ ਨਾ
ਨਕਪਾਰਬ੍ਰਹਮਨਿਰਲੇਪਾ ॥੫੪॥ ਸਲੋਕੁ ॥ ਹਥਿਕਲੰਮਅ
ਗੰਮਮਸਤਕਿਲਿਖਾਵਤੀ ॥ ਉਰਝਿਰਹਿਓਸਭਸੰਗਿਅਨੂਪ

ਰੂਪਾਵਤੀ ॥ ਉਸਤਤਿਕਹਨੁਨਜਾਇਮੁਖਹੁਤੁਹਾਰੀਆ ॥
ਮੋਹੀਦੇਖਿਦਰਸੁਨਾਨਕਬਲਿਹਾਰੀਆ ॥੧॥ ਪਉੜੀ ॥ ਹੇ
ਅਚੁਤਹੇਪਾਰਬ੍ਰਹਮਅਬਿਨਾਸੀਅਘਨਾਸ ॥ ਹੇਪੂਰਨਹੇਸਰ
ਬਮੈਦੁਖਭੰਜਨਗੁਣਤਾਸ ॥ ਹੇਸੰਗੀਹੇਨਿਰੰਕਾਰਹੇਨਿਰਗੁਣ
ਸਭਟੇਕ ॥ ਹੇਗੋਬਿਦਹੇਗੁਣਨਿਧਾਨਜਾਕੈਸਦਾਬਿਬੇਕ ॥ ਹੇ
ਅਪਰੰਪਰਹਰਿਹਰੇਹਹਿਭੀਹੋਵਨਹਾਰ ॥ ਹੇਸੰਤਹਕੈਸਦਾਸੰ
ਗਿਨਿਧਾਰਾਆਧਾਰ ॥ ਹੇਠਾਕੁਰਹਉਦਾਸਰੋਮੈਨਿਰਗੁਨਗੁ
ਨੁਨਹੀਕੋਇ ॥ ਨਾਨਕਦੀਜੈਨਾਮਦਾਨੁਰਾਖਉਹੀਐਪਰੋਇ
॥੫੫॥ ਸਲੋਕੁ ॥ ਗੁਰਦੇਵਮਾਤਾਗੁਰਦੇਵਪਿਤਾਗੁਰਦੇਵ

Scanned by CamScanner

ਸੁਆਮੀਪਰਮੇਸੁਰਾ ॥ ਗੁਰਦੇਵਸਖਾਅਗਿਆਨਭੰਜਨੁਗੁਰ
ਦੇਵਬੰਧਿਪਸਹੋਦਰਾ ॥ ਗੁਰਦੇਵਦਾਤਾਹਰਿਨਾਮੁਉਪਦੇਸੈ
ਗੁਰਦੇਵਮੰਤੁਨਿਰੋਧਰਾ ॥ ਗੁਰਦੇਵਸਾਂਤਿਸਤਿਬੁਧਿਮੂਰਤਿ
ਗੁਰਦੇਵਪਾਰਸਪਰਸਪਰਾ ॥ ਗੁਰਦੇਵਤੀਰਥੁਅੰਮ੍ਰਿਤਸ
ਰੋਵਰੁਗੁਰਗਿਆਨਮਜਨੁਅਪਰੰਪਰਾ ॥ ਗੁਰਦੇਵਕਰਤਾ
ਸਭਿਪਾਪਹਰਤਾਗੁਰਦੇਵਪਤਿਤਪਵਿਤਕਰਾ ॥ ਗੁਰਦੇਵ
ਆਦਿਜੁਗਾਦਿਜੁਗੁਜੁਗੁਗੁਰਦੇਵਮੰਤੁਹਰਿਜਪਿਉਧਰਾ ॥
ਗੁਰਦੇਵਸੰਗਤਿਪ੍ਰਭਮੇਲਿਕਰਿਕਿਰਪਾਹਮਮੂੜਪਾਪੀਜਿਤੁ
ਲਗਿਤਰਾ ॥ ਗੁਰਦੇਵਸਤਿਗੁਰੁਪਾਰਬ੍ਰਹਮੁਪਰਮੇਸਰੁ

ਗੁਰਦੇਵਨਾਨਕਹਰਿਨਮਸਕਰਾ ॥੧॥ ਏਹੁਸਲੋਕੁਆਦਿ ਅੰਤਿਪੜਣਾ ॥